## ਭਗਤ ਪੀਪਾ - ਸਬਦ ੧

### ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ ॥

### ਰਾਗੁ ਧਨਾਸਰੀ, ਭਗਤ ਪੀਪਾ, ਗੁਰੂ ਗ੍ਰੰਥ ਸਾਹਿਬ, ੬੯੫

ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ ॥
ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ ॥੧॥
ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ ॥
ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥੧॥ ਰਹਾਉ ॥
ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥੩॥

ਸਾਰ: ਇਹ ਕਥਨ 'ਕੁਝ ਵੀ ਨਸ਼ਟ ਨਹੀਂ ਹੁੰਦਾ ਅਤੇ ਕੁਝ ਵੀ ਨਵਾਂ ਪੈਦਾ ਨਹੀਂ ਹੁੰਦਾ', ਇਕ ਮਹੱਤਵਪੂਰਨ ਸੱਚਾਈ ਨੂੰ ਪ੍ਰਗਟ ਕਰਦਾ ਹੈ: ਪਦਾਰਥ ਅਤੇ ਊਰਜਾ ਨਸ਼ਟ ਨਹੀਂ ਕੀਤੇ ਜਾ ਸਕਦੇ; ਉਹ ਸਿਰਫ਼ ਆਪਣਾ ਰੂਪ ਬਦਲਦੇ ਹਨ। ਇਹ ਸਿਧਾਂਤ ਦਰਸਾਉਂਦਾ ਹੈ ਕਿ ਬ੍ਰਹਿਮੰਡ ਅੰਤਰਸੰਬੰਧਤਾ ਦਾ ਇਕ ਸੂਖਮ ਅਤੇ ਅਟੁੱਟ ਜਾਲ ਹੈ, ਜਿੱਥੇ ਤੱਤ ਸਮੇਂ ਦੇ ਆਰੰਭ ਤੋਂ ਹੀ ਵੱਖ-ਵੱਖ ਰੂਪਾਂ ਵਿਚ ਮੌਜੂਦ ਰਹੇ ਹਨ ਅਤੇ ਲਗਾਤਾਰ ਵਿਕਸਿਤ ਹੋ ਰਹੇ ਹਨ। ਜਨਮ, ਨਫ਼ਾ, ਨੁਕਸਾਨ ਅਤੇ ਅਲੋਪ ਹੋ ਜਾਣਾ ਦਾ ਵਰਤਾਰਾ ਅਸਲ ਵਿਚ ਉਸੇ ਇਕ ਸੱਚਾਈ ਦੇ ਅੰਦਰ ਚੱਲ ਰਹੇ ਰੁਪਾਂਤ੍ਰਣ ਦੇ ਪੜਾਅ ਹਨ। ਇਹ ਸਿਧਾਂਤ ਸਾਰੀਆਂ ਵਸਤੂਆਂ ਅਤੇ ਜੀਵਾਂ ਦੀ ਗੂੜ੍ਹ ਅੰਤਰਸੰਬੰਧਤਾ ਨੂੰ ਉਜਾਗਰ ਕਰਦਾ ਹੈ ਅਤੇ ਸਾਨੂੰ ਇਹ ਸਮਝਣ ਲਈ ਪ੍ਰੇਰਿਤ ਕਰਦਾ ਹੈ ਕਿ ਅਸੀਂ ਸਾਰੇ ਇਸ ਬ੍ਰਹਿਮੰਡ ਦੀ ਇਕੋ ਸਾਂਝੀ ਹੋਂਦ ਦਾ ਹਿੱਸਾ ਹਾਂ।

ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ ॥
ਦੇਹੀ ਦੇ ਅੰਦਰ ਦੈਵੀ ਸਤਾ ਦਾ ਵਾਸਾ ਹੈ, ਦੇਹ ਆਪਣੇ ਆਪ ਵਿਚ ਇਕ ਮੰਦਰ, ਤੀਰਥ ਅਸਥਾਨ ਅਤੇ ਪਵਿੱਤਰ ਮਾਰਗ ਹੈ। ਇਹ ਪਰਿਪੇਖ ਮਨੁੱਖਾ ਦੇਹੀ ਨੂੰ ਇਕ ਦੈਵੀ ਭਾਂਡੇ ਵਜੋਂ ਪੇਸ਼ ਕਰਦਾ ਹੈ, ਜੋ ਆਪਣੇ ਉਦੇਸ਼ ਅਤੇ ਸੱਚ ਦੀ ਭਾਲ ਕਰਦਾ ਹੈ।

ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ ॥੧॥

ਦੇਹ ਆਪਣੇ ਅੰਦਰ ਧੂਪ, ਦੀਵਾ, ਭੇਟਾ ਅਤੇ ਪੂਜਾ ਦੇ ਪੱਤੇ ਸਮਾਈ ਬੈਠੀ ਹੈ। ਇਹ ਭਾਵ ਦਰਸਾਉਂਦਾ ਹੈ ਕਿ ਸਾਡੀ ਦੇਹ ਸਤਿਕਾਰ ਅਤੇ ਆਦਰ ਦੇ ਯੋਗ ਹੈ, ਕਿਉਂਕਿ ਇਸ ਵਿਚ ਅੰਤਰ-ਆਤਮਾ ਦਾ ਵਾਸਾ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਧੂਪ ਆਪਣੇ ਅੰਦਰ ਸੁਗੰਧ ਨੂੰ ਸੰਭਾਲੀ ਰੱਖਦੀ ਹੈ ਅਤੇ ਦੀਵਾ ਪ੍ਰਕਾਸ਼ ਫੈਲਾਉਂਦਾ ਹੈ, ਉਸੇ ਤਰ੍ਹਾਂ ਬਿਬੇਕ ਅਤੇ ਗਿਆਨ ਸਾਡੇ ਜੀਵਨ ਨੂੰ ਰੋਸ਼ਨ ਕਰਨ ਅਤੇ ਮਹਿਕਾ ਨਾਲ ਭਰਨ ਦੀ ਸਮਰੱਥਾ ਰੱਖਦੇ ਹਨ। (੧)

ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ ॥

ਦੇਹੀ ਅਨੇਕਾਂ ਖੰਡਾਂ ਵਿਚ ਭਾਲ ਕਰਦੀ ਹੈ, ਪਰ ਨੌਂ ਨਿਧੀਆਂ ਤਾਂ ਇਸ ਦੇ ਆਪਣੇ ਅੰਦਰ ਹੀ ਮੌਜੂਦ ਹਨ। ਇਹ ਭਾਵ ਦਰਸਾਉਂਦਾ ਹੈ ਕਿ ਸਾਡੇ ਵਿਚਾਰ ਅਕਸਰ ਬਾਹਰੀ ਕਰਮ-ਕਾਂਡਾ, ਪਹਿਚਾਣਾਂ ਅਤੇ ਖੋਜਾਂ ਬਾਰੇ ਸੋਚ-ਸੋਚ ਭਟਕਣਾ ਵਿਚ ਪਏ ਰਹਿੰਦੇ ਹਨ, ਜਿਸ ਕਾਰਣ ਇਹ ਉਸ ਅੰਤਰੀਵੀ ਚੇਤਨਾ ਨੂੰ ਭਾਲ ਨਹੀਂ ਪਾਉਂਦੇ ਜਿਥੇ ਸ੍ਰਿਸ਼ਟੀ ਦਾ ਤੱਤਸਾਰ ਪ੍ਰਗਟ ਹੁੰਦਾ ਹੈ।

ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥੧॥ ਰਹਾਉ ॥

ਨਾ ਕੁਝ ਪ੍ਰਾਪਤ ਹੁੰਦਾ ਹੈ ਅਤੇ ਨਾ ਹੀ ਕੁਝ ਗੁਆਚਦਾ ਹੈ; ਇਹ ਬੋਧ ਸਰਬਵਿਆਪਕ ਚੇਤਨਾ ਦਾ ਚਿੰਤਨ ਕਰਨ ਅਤੇ ਉਸ ਨੂੰ ਆਪਣੇ ਜੀਵਨ ਵਿਚ ਧਾਰਨ ਕਰਨ ਨਾਲ ਉੱਭਰਦਾ ਹੈ। ਇਹ ਭਾਵ ਇਸ ਤੱਥ ਨੂੰ ਦਰਸਾਉਂਦਾ ਹੈ ਕਿ ਜਦੋਂ ਅੰਤਰੀਵੀ ਜਾਗਰੂਕਤਾ ਉਸ ਸਰਬ-ਵਿਆਪਕ ਹਾਜ਼ਰਤਾ ਨਾਲ ਇਕਸੁਰ ਹੋ ਜਾਂਦੀ ਹੈ, ਤਾਂ ਉਹ ਲਾਭ-ਹਾਨੀ, ਜਨਮ ਅਤੇ ਮੌਤ ਦੇ ਭਰਮ ਤੋਂ ਪਾਰ ਹੋ ਜਾਂਦੀ ਹੈ। (੧)(ਠਹਿਰਾਉ)

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥

ਜਿਹੜੀ ਊਰਜਾ ਸਮੁੱਚੇ ਬ੍ਰਹਿਮੰਡ ਵਿਚ ਵਿਆਪਕ ਹੈ, ਉਹੀ ਦੇਹ ਦੇ ਅੰਦਰ ਵੀ ਵੱਸਦੀ ਹੈ; ਜਿਹੜਾ ਵੀ ਇਸ ਸਰਬਵਿਆਪਕ ਸਤਾ ਦੀ ਖੋਜ ਕਰਦਾ ਹੈ, ਉਹ ਇਸ ਨੂੰ ਆਪਣੇ ਅੰਦਰ ਭਾਲ ਲੈਂਦਾ ਹੈ। ਇਹ ਭਾਵ ਬਾਹਰੀ ਅਤੇ ਅੰਤਰੀਵੀ ਹਕੀਕਤ ਦੇ ਵਿਚਕਾਰ ਇਕ ਅਟੁੱਟ ਨਿਰੰਤਰਤਾ ਨੂੰ ਦਰਸਾਉਂਦਾ ਹੈ, ਜਿੱਥੇ ਵੱਖਰੇਪਣ ਦੀਆਂ ਹੱਦਾਂ ਮਿਟਣ ਲੱਗ ਪੈਂਦੀਆਂ ਹਨ।

ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥੩॥

ਪੀਪਾ ਕਹਿੰਦੇ ਹਨ ਕਿ ਉਹ ਪਰਮ ਤੱਤ ਨੂੰ ਪ੍ਰਾਪਤ ਕਰਨ ਲਈ ਅਰਦਾਸ ਕਰਦੇ ਹਨ, ਜੋ ਅੰਤਰੀਵੀ ਸੂਝ ਦੇ ਸੱਚ ਨੂੰ ਸਮਝਣ ਵਿਚ ਨਹਿਤ ਹੈ। ਇਹ ਭਾਵ ਗਿਆਨ ਦੀ ਭਾਲ ਕਰਨ ਵਾਲੇ ਇਕ ਖੋਜੀ ਨੂੰ ਦਰਸਾਉਂਦਾ ਹੈ ਜੋ ਅਗਿਆਨਤਾ ਦੇ ਹਨੇਰੇ ਤੋਂ ਸਮਝ ਦੇ ਪ੍ਰਕਾਸ਼ ਵੱਲ ਲੈ ਜਾਂਦਾ ਹੈ। (੨)(੩)

ਤੱਤ: ਭਗਤ ਪੀਪਾ ਸੰਕੇਤ ਕਰਦੇ ਹਨ ਕਿ ਮਨੁੱਖਾ ਦੇਹ ਆਪਣੇ ਆਪ ਵਿਚ ਇਕ ਬ੍ਰਹਿਮੰਡ ਹੈ, ਇਕ ਪਵਿੱਤਰ ਭਾਂਡਾ ਜਿਸ ਰਾਹੀਂ ਅਦ੍ਰਿਸ਼ਟ ਅਤੇ ਸਰਬ-ਵਿਆਪਕ ਚੇਤਨਾ ਦਾ ਅਨੁਭਵ ਕੀਤਾ ਜਾ ਸਕਦਾ ਹੈ। ਸਰੀਰ ਕੇਵਲ ਇਕ ਭੌਤਿਕ ਰੂਪ ਨਹੀਂ, ਸਗੋਂ ਇਕ ਜੀਵੰਤ ਮੰਦਰ ਹੈ ਜਿੱਥੇ ਵਿਚਾਰ, ਭਾਵਨਾਵਾਂ ਅਤੇ ਅਨੁਭਵ ਇਕਜੁੱਟ ਹੋ ਜਾਂਦੇ ਹਨ। ਜਦੋਂ ਅਸੀਂ ਆਤਮ-ਚਿੰਤਨ ਰਾਹੀਂ ਆਪਣੀ ਦੇਹ ਦਾ ਆਦਰ ਕਰਦੇ ਹਾਂ, ਤਾਂ ਇਹ ਆਤਮਿਕ ਵਿਕਾਸ ਅਤੇ ਸਵੈ-ਪਰਿਵਰਤਨ ਦਾ ਸਾਧਨ ਬਣ ਜਾਂਦੀ ਹੈ। ਇਹ ਵਿਚਾਰ ਸਰੀਰ ਨੂੰ ਉਸਦੇ ਅਸਲ ਸਰੂਪ ਵਿਚ ਸਨਮਾਨ ਦੇਣ ਦੀ ਮਹੱਤਤਾ ਉੱਤੇ ਜ਼ੋਰ ਦਿੰਦਾ ਹੈ, ਕਿਉਂਕਿ ਇਸੇ ਪਵਿੱਤਰ ਭਾਂਡੇ ਰਾਹੀਂ ਅੰਦਰਲਾ ਬ੍ਰਹਿਮੰਡ ਬਾਹਰਲੇ ਬ੍ਰਹਿਮੰਡ ਨਾਲ ਇਕਸੁਰਤਾ ਸਥਾਪਿਤ ਕਰਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**